ਪੰਜਾਬੀ ਯੂਨੀਵਰਸਿਟੀ ਵਿਖੇ ਕਰਵਾਏ ਗਏ ਸਮਾਗਮ 'ਚ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤੀ ਸ਼ਿਰਕਤ

ਲੋੜਵੰਦਾਂ ਦੀ ਸਹਾਇਤਾ ਕਰਨਾ ਸਭ ਤੋਂ ਮਹਾਨ ਕਾਰਜ ਹੈ- ਮੁੱਖ ਮੰਤਰੀ

ਪਟਿਆਲਾ, 27 ਨਵੰਬਰ (ਕੁਲਵੀਰ ਸਿੰਘ ਧਾਲੀਵਾਲ)-ਪੰਜਾਬੀ ਯੂਨੀਵਰਸਿਟੀ ਵਿਖੇ ਅਦਾਕਾਰ ਬਿੰਨੂ ਢਿੱਲੋਂ ਦੀ ਸਰਪ੍ਰਸਤੀ ਵਾਲੀ 'ਜ਼ਰੀਆ' ਫਾਊਂਡੇਸ਼ਨ ਦੀ 10ਵੀਂ ਵਰ੍ਹੇਗੰਢ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਵਿਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਸੰਸਥਾ ਵਲੋਂ ਕਰਵਾਏ ਜਾ ਰਹੇ ਨੇਕ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਆਪਣੇ ਸੰਬੋਧਨ ਦੌਰਾਨ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਨੂੰ ਸਭ ਨੂੰ ਲੋੜਵੰਦਾਂ ਦੀ ਮਦਦ ਦੇ ਜ਼ਰੀਏ ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਆਪੋ ਆਪਣੀ ਸਮਰੱਥਾ ਅਨੁਸਾਰ ਸਮਾਜ ਭਲਾਈ ਦੇ ਕੰਮਾਂ ਵਿਚ ਵਧ-ਚੜ੍ਹਕੇ ਹਿੱਸਾ ਪਾਉਣਾ ਚਾਹੀਦਾ ਹੈ। ਉਨ੍ਹਾਂ ਇਸ ਮੌਕੇ ਬੇਟੀਆਂ ਨੂੰ ਪੜ੍ਹਾਉਣ ਦੇ ਹਵਾਲੇ ਨਾਲ ਵੀ ਆਪਣੀ ਗੱਲ ਰੱਖੀ।ਇਸ ਪ੍ਰੋਗਰਾਮ ਦੌਰਾਨ ਵੱਖ-ਵੱਖ ਗਾਇਕਾਂ ਨੇ ਆਪਣੇ ਗੀਤ ਪੇਸ਼ ਕੀਤੇ ਤੇ ਪੰਜਾਬੀ ਯੂਨੀਵਰਸਿਟੀ ਪੜ੍ਹਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਸ਼ਾਨਦਾਰ ਪੇਸ਼ਕਾਰੀਆਂ ਵੀ ਦਿੱਤੀਆਂ। ਅਦਾਕਾਰ ਬਿੰਨੂ ਢਿੱਲੋਂ ਨੇ ਦੱਸਿਆ ਕਿ 'ਜ਼ਰੀਆ' ਸੰਸਥਾ ਦੀ 10ਵੀਂ ਵਰ੍ਹੇਗੰਢ ਨੂੰ ਸਮਰਪਿਤ ਕਰਵਾਏ ਇਸ ਪ੍ਰੋਗਰਾਮ ਦਾ ਮਕਸਦ ਲੋੜਵੰਦ ਬੱਚਿਆਂ ਦੀ ਭਲਾਈ ਨਾਲ ਜੁੜਿਆ ਹੈ। ਉਨ੍ਹਾਂ ਆਪਣੀ ਇਸ ਸੰਸਥਾ ਵਲੋਂ ਕੀਤੇ ਜਾ ਰਹੇ ਵੱਖ-ਵੱਖ

ਪੰਜਾਬੀ ਯੂਨੀਵਰਸਿਟੀ ਵਿਖੇ 'ਜ਼ਰੀਆ' ਸੰਸਥਾ ਵਲੋਂ ਲੋੜਵੰਦ ਵਿਦਿਆਰਥੀਆਂ ਨੂੰ ਸਹਾਇਤਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਉਪ ਕੁਲਪਤੀ ਡਾ. ਜਗਦੀਪ ਸਿੰਘ, ਅਦਾਕਾਰ ਬਿੰਨੂ ਢਿੱਲੋਂ ਅਤੇ ਜਤਿੰਦਰ ਜੀਤਾ ਅਤੇ ਹੋਰ। ਅਜੀਤ ਤਸਵੀਰ

ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਉਹ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਬਹੁਤ ਧੰਨਵਾਦੀ ਹਨ ਜਿਨ੍ਹਾਂ ਨੇ ਇਸ ਪ੍ਰੋਗਰਾਮ ਦੌਰਾਨ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਦੱਸਿਆ ਯੂਨੀਵਰਸਿਟੀ 'ਚ ਪੜ੍ਹਦੇ ਤਕਰੀਬਨ 400 ਦੇ ਕਰੀਬ ਅੰਤਰ-ਰਾਸ਼ਟਰੀ ਵਿਦਿਆਰਥੀ ਇਸ ਪ੍ਰੋਗਰਾਮ ਰਾਹੀਂ ਪੰਜਾਬੀ ਸੱਭਿਆਚਾਰ ਵੀ ਨਾਲ ਜੁੜੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਲੋਂ ਇਸ ਗੱਲ ਦੇ ਸੁਚੇਤ ਯਤਨ ਕੀਤੇ ਜਾਂਦੇ ਹਨ ਕਿ ਵਿਦਿਆਰਥੀ ਭਾਵੇਂ ਸਾਇੰਸ, ਇੰਜਨੀਅਰਿੰਗ, ਤਕਨਾਲੌਜੀ, ਬਿਜ਼ਨਿਸ ਆਦਿ ਕੋਈ ਵੀ ਵਿਸ਼ਾ ਪੜ੍ਹਨ ਆਉਣ ਪਰ ਉਨ੍ਹਾਂ ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜ਼ਰੂਰ ਜੋੜਿਆ ਜਾਵੇ, ਤਾਂਕਿ ਇਹ ਵਿਦਿਆਰਥੀ ਆਪੋ ਆਪਣੇ ਮੁਲਕਾਂ ਵਿਚ ਵਾਪਸ ਪਰਤ ਕੇ ਪੰਜਾਬੀ ਸੱਭਿਆਚਾਰ ਦੇ ਦੂਤ ਬਣ ਕੇ ਵਿਚਰਦਿਆ ਸਾਡੇ ਸੱਭਿਆਚਾਰ ਦੀ ਖੁਸ਼ਬੋਅ ਦੁਨੀਆਂ ਭਰ ਤੱਕ ਫੈਲਾਅ ਸਕਣ। ਪ੍ਰੋ. ਦਮਨਜੀਤ ਸੰਧੂ, ਡੀਨ, ਅੰਤਰਰਾਸ਼ਟਰੀ ਮਾਮਲਿਆਂ ਦੇ ਡਾਇਰੈਕਟੋਰੇਟ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਦੱਸਿਆ ਕਿ 41 ਤੋਂ ਵੱਧ ਦੇਸ਼ਾਂ ਦੇ 400 ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੜ੍ਹ ਰਹੇ ਹਨ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਹਮੇਸ਼ਾ ਦੁਨੀਆ ਭਰ ਵਿਚ ਪੰਜਾਬੀ ਸੱਭਿਆਚਾਰ ਨੂੰ ਫੈਲਾਉਣ ਅਤੇ ਜਾਗਰੂਕਤਾ ਪੈਦਾ ਕਰਨ ਦੇ ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ ਯਤਨਸ਼ੀਲ ਰਹਿੰਦੀ ਹੈ। ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ, ਰਜਿਸਟਰਾਰ ਪ੍ਰੋ. ਦਵਿੰਦਰਪਾਲ ਸਿੰਘ ਸਿੱਧੂ, ਡਾ. ਮਮਤਾ ਸ਼ਰਮਾ, ਡੀ. ਆਈ. ਜੀ. ਕੁਲਦੀਪ ਸਿੰਘ ਚਾਹਲ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐੱਸ. ਐੱਸ. ਪੀ. ਵਰੁਣ ਸ਼ਰਮਾ, ਜ਼ਰੀਆ ਫਾਊਂਡੇਸ਼ਨ ਦੇ ਪ੍ਰਧਾਨ ਰਾਜੇਸ਼ ਧੀਮਾਨ, ਸੁਖਜੀਤ ਪੰਧੇਰ, ਨਵਦੀਪ ਸਿੰਘ, ਤੇਜਵੀਰ ਚਹਿਲ, ਜੱਗੀ ਧੂਰੀ, ਜਤਿੰਦਰ ਜੀਤਾ, ਮਿੱਠੂ ਭੁੱਲਰ, ਬਲਜੀਤ ਸਿੰਘਸਮੇਤ ਵੱਡੀ ਗਿਣਤੀ ਵਿਦਿਆਰਥੀ ਮੌਜੂਦ ਸਨ।

ਕੌਮੀ ਨਾਟਕ ਮੇਲੇ ਦਾ ਤੀਸਰੇ ਦਿਨ ਕਲਾਕ੍ਰਿਤੀ ਦੇ 'ਛੱਲਾ' ਨਾਟਕ ਨੇ ਦਰਸ਼ਕਾਂ ਦੇ ਮਨਾਂ 'ਤੇ ਛੱਡੀ ਡੂੰਘੀ ਛਾਪ

ਪਟਿਆਲਾ, 27 ਨਵੰਬਰ (ਧਰਮਿੰਦਰ ਸਿੰਘ ਸਿੱਧੂ)-ਕਲਾਕ੍ਰਿਤੀ ਪਟਿਆਲਾ, ਉੱਤਰ ਖੇਤਰੀ ਸੱਭਿਆਚਾਰਕ ਕੇਂਦਰ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਸਵਰਗੀ ਪ੍ਰੀਤਮ ਸਿੰਘ ਓਬਰਾਏ ਯਾਦਗਾਰੀ ਕੌਮੀ ਨਾਟਕ ਮੇਲੇ ਦੇ ਤੀਸਰੇ ਦਿਨ ਕਾਲੀਦਾਸ ਆਡੀਟੋਰੀਅਮ ਵਿਰਸਾ ਵਿਹਾਰ ਕੇਂਦਰ ਨਜ਼ਦੀਕ ਭਾਸ਼ਾ ਵਿਭਾਗ ਪੰਜਾਬ ਸ਼ੇਰਾਂਵਾਲਾ ਗੇਟ ਪਟਿਆਲਾ ਵਿਖੇ ਨਾਟਕਕਾਰ ਡਾ. ਕੁਲਦੀਪ ਸਿੰਘ ਦੀਪ ਦਾ ਲਿਖਿਆ ਅਤੇ ਉੱਘੀ ਨਾਟ ਨਿਰਦੇਸ਼ਕਾਂ, ਅਦਾਕਾਰਾ, ਕਲਾਕ੍ਰਿਤੀ ਦੀ ਡਾਇਰੈਕਟਰ ਪਰਮਿੰਦਰਪਾਲ ਕੌਰ ਦੇ ਨਿਰਦੇਸ਼ਨ ਹੇਠ 'ਛੱਲਾ' ਨਾਟਕ ਦਾ ਸ਼ਾਨਦਾਰ ਮੰਚਨ ਕੀਤਾ ਗਿਆ, ਜਿਸ ਨੇ ਦਰਸ਼ਕਾਂ ਦੇ ਮਨਾਂ 'ਤੇ ਡੂੰਘੀ ਛਾਪ ਛੱਡੀ। ਨਾਟਕ ਦਾ ਸਮੁੱਚਾ ਘਟਨਾਕ੍ਰਮ ਉਨ੍ਹਾਂ ਸਾਰੇ ਛੱਲਿਆਂ ਦੇ ਨਾਂ ਜੋ ਘਰਾਂ ਤੋਂ ਜ਼ਿੰਦਗੀ ਦੀਆਂ ਝਨਾਵਾਂ ਤਰਨ ਲਈ ਨਿਕਲੇ ਸੀ, ਪਰ ਸਿਸਟਮ ਦੀ ਹਨੇਰੀ ਉਨ੍ਹਾਂ ਨੂੰ ਰਾਹਾਂ 'ਚ ਹੀ ਖਾ ਗਈ ਤੇ ਇਹ ਦੁਆ ਕੀਤੀ ਕਿ ਮੁੜ ਇਸ ਪੂਰੀ ਧਰਤੀ ਦੇ ਕਿਸੇ ਵੀ ਕੋਨੇ ਤੋਂ ਕਦੇ ਛੱਲੇ ਨਾ ਜੰਮਣ। ਨਾਟਕ ਵਿਚ ਅੱਗੇ 2014 'ਚ ਇਰਾਕ ਦੇ ਸ਼ਹਿਰ ਮੈਸੂਲ 'ਚੋਂ ਆਈ. ਐੱਸ. (ਇਸਲਾਮਿਕ ਸਟੇਟ) ਨਾਂ ਦੀ ਜਥੇਬੰਦੀ ਦੁਆਰਾ ਅਗਵਾ ਕੀਤੇ 40 ਛੱਲਿਆਂ (ਭਾਰਤੀ ਨੌਜਵਾਨਾਂ) ਦੇ ਨਾਂ ਜਿਨ੍ਹਾਂ ਬਾਰੇ ਭਾਰਤ ਦੀ ਸੱਤਾ ਤਿੰਨ ਸਾਲ ਉਨ੍ਹਾਂ ਦੇ ਜਿਉਂਦੇ ਹੋਣ ਦਾ ਡਰਾਮਾ ਕਰਦੀ ਰਹੀ। ਇਨ੍ਹਾਂ 40 ਛੱਲਿਆਂ 'ਚੋਂ 39 ਨੂੰ

ਕੌਮੀ ਨਾਟਕ ਮੇਲੇ 'ਚ ਕਲਾਕ੍ਰਿਤੀ ਪਟਿਆਲਾ ਵਲੋਂ ਪੇਸ਼ ਕੀਤੇ ਨਾਟਕ 'ਛੱਲਾ' ਦਾ ਇਕ ਦ੍ਰਿਸ਼। ਅਜੀਤ ਤਸਵੀਰ

ਆਈ. ਐੱਸ. ਨੇ ਗੋਲੀਆਂ ਨਾਲ ਉਡਾ ਦਿੱਤਾ ਸੀ। ਜਿਹੜਾ ਇਕ ਬਚ ਗਿਆ ਸੀ ਉਹ ਇਸ ਨਾਟਕ ਦੇ ਕਲਪਿਤ ਪਾਤਰ ਪ੍ਰੋ. ਦੇ ਰੂਪ 'ਚ ਆਪਣੀਆਂ ਹੱਡ-ਬੀਤੀਆਂ ਸੁਣਾਈਆਂ ਜਿਸ ਨਾਲ ਨਾਟਕ ਦੇ ਇਸ ਦੁਖਾਂਤ ਨੇ ਦਰਸ਼ਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਸਮੁੱਚਾ ਨਾਟਕ ਕਲਾਕ੍ਰਿਤੀ ਦੇ ਉਨ੍ਹਾਂ ਸਫਲ ਪੇਸ਼ਕਾਰੀਆਂ 'ਚ ਸ਼ਾਮਿਲ ਹੋ ਗਿਆ ਹੈ ਜਿਹੜੀਆਂ ਕਿ ਪਿਛਲੇ ਸਮਿਆਂ 'ਚ ਬਹੁਤ ਹੀ ਉੱਚ ਪੱਧਰ ਦੀਆਂ ਪੇਸ਼ਕਾਰੀਆਂ ਕਲਾਕ੍ਰਿਤੀ ਨੇ ਹੁਣ ਤੱਕ ਕੀਤੀਆਂ ਸਨ। ਇਸ ਨਾਟਕ ਵਿਚਲੇ ਸਾਰੇ ਪਾਤਰਾਂ ਨੂੰ ਨਿਭਾਉਣ ਵਾਲੇ ਕਲਾਕਾਰਾਂ 'ਚ ਮੁੱਖ ਤੌਰ 'ਤੇ ਸੀਨੀਅਰ ਕਲਾਕਾਰ ਮੋਹਨ ਕੰਬੋਜ, ਵਿਨੋਦ ਕੌਸਲ, ਜੋਗਾ ਸਿੰਘ, ਜਸਵੀਰ ਜੱਸੀ, ਕੁਲਦੀਪ ਸਿੰਘ, ਅਜੇ ਜੈਠੀ, ਇਸਾਂਤ ਅਰੋੜਾ, ਮਨਸਾ ਪਸੀਜਾ, ਤਾਨੀਆ ਸਿੰਘ, ਨਿਰਮਲ ਗੁਰਵਿੰਦਰ, ਅੰਜਲੀ ਬਿਡਲਾ ਅਤੇ ਲਕਸ਼ ਸ਼ਰਮਾ ਨੇ ਆਪੋ-ਆਪਣੀਆਂ ਭੂਮਿਕਾਵਾਂ ਸ਼ਾਨਦਾਰ ਨਿਵਾਈਆਂ। ਪ੍ਰਸਿੱਧ ਸੰਗੀਤਕਾਰ ਹਰਜੀਤ ਗੁੱਡੂ ਦੇ ਸੰਗੀਤ ਅਤੇ ਉਨ੍ਹਾਂ ਵਲੋਂ ਗਾਏ ਗੀਤਾਂ ਦੇ ਬੋਲਾਂ ਨੇ ਨਾਟਕ ਨੂੰ ਸਫਲ ਬਣਾਉਣ 'ਚ ਬਹੁਤ ਵੱਡਾ ਯੋਗਦਾਨ ਪਾਇਆ। ਸਮੁੱਚੇ ਨਾਟਕ ਦੇ ਪ੍ਰੋਡਕਸ਼ਨ ਇੰਚਾਰਜ ਗੋਪਾਲ ਸ਼ਰਮਾ ਸਨ। ਇਸ ਮੌਕੇ ਮੁੱਖ ਮਹਿਮਾਨ ਪੰਜਾਬ ਦੇ ਡਾ. ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਅਤੇ ਜਸਵੰਤ ਸਿੰਘ ਜ਼ਫ਼ਰ, ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਅਤੇ ਡਾ. ਦਲਵੀਰ ਸਿੰਘ ਕਥੂਰੀਆ, ਚੇਅਰਮੈਨ ਵਿਸ਼ਵ ਪੰਜਾਬੀ ਸਭਾ ਕੈਨੇਡਾ ਆਦਿ ਹਾਜ਼ਰ ਸਨ।

ਘਨੌਰ ਵਿਖੇ ਸਰਬਜੀਤ ਸਿੰਘ ਝਿੰਜਰ ਨੂੰ ਹਲਕਾ ਇੰਚਾਰਜ ਲੱਗਣ 'ਤੇ ਮੂੰਹ ਮਿੱਠਾ ਕਰਾਉਂਦੇ ਹੋਏ ਪਾਰਟੀ ਵਰਕਰ ਤੇ ਆਗੂ। ਤਸਵੀਰ : ਸਰਦਾਰਾ ਸਿੰਘ ਲਾਛੜੂ

ਸਰਬਜੀਤ ਸਿੰਘ ਝਿੰਜਰ ਨੇ ਹਲਕਾ ਇੰਚਾਰਜ ਦੀ ਸੇਵਾ ਮਿਲਣ ਦੀ ਖ਼ੁਸ਼ੀ ਪਾਰਟੀ ਵਰਕਰਾਂ ਤੇ ਆਗੂਆਂ ਨਾਲ ਕੀਤੀ ਸਾਂਝੀ, ਵੰਡੇ ਲੱਡੂ

ਘਨੌਰ, 27 ਨਵੰਬਰ (ਸਰਦਾਰਾ ਸਿੰਘ ਲਾਛੜੂ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਬੀਤੇ ਦਿਨੀਂ ਵੱਖ-ਵੱਖ ਹਲਕਿਆਂ ਲਈ ਨਵੇਂ ਇੰਚਾਰਜਾਂ ਦੀ ਨਿਯੁਕਤੀ ਕੀਤੀ ਗਈ ਸੀ। ਇਸ ਸਿਲਸਿਲੇ ਵਿਚ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੂੰ ਹਲਕਾ ਘਨੌਰ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਸੀ। ਸ. ਝਿੰਜਰ ਨੇ ਘਨੌਰ ਹਲਕੇ ਦੀ ਇੰਚਾਰਜੀ ਦੀ ਜ਼ਿੰਮੇਵਾਰੀ ਮਿਲਣ 'ਤੇ ਆਪਣੀ ਖ਼ੁਸ਼ੀ ਪਾਰਟੀ ਵਰਕਰਾਂ ਅਤੇ ਆਗੂਆਂ ਨਾਲ ਸਾਂਝੀ ਕੀਤੀ। ਇਸ ਮੌਕੇ ਪਾਰਟੀ ਵਲੋਂ ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਵੀ ਕੀਤਾ ਗਿਆ।

ਵਰਕਰਾਂ ਨੇ ਝਿੰਜਰ ਨੂੰ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਦੀ ਅਗਵਾਈ 'ਤੇ ਪੂਰਾ ਭਰੋਸਾ ਜਤਾਇਆ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਪਾਰਟੀ ਨਾਲ ਜੁੜਨ ਲਈ ਪ੍ਰੇਰਤ ਕੀਤਾ ਜਾਵੇਗਾ ਤੇ ਲੋਕਾਂ ਦੇ ਦਰਵਾਜ਼ੇ 'ਤੇ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਝਿੰਜਰ ਨੇ ਵਿਸ਼ਵਾਸ ਪ੍ਰਗਟਾਇਆ ਕਿ ਪਾਰਟੀ ਵਰਕਰਾਂ ਦੇ ਸਹਿਯੋਗ ਨਾਲ ਘਨੌਰ ਹਲਕੇ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਸਥਾਨਕ ਵਰਕਰਾਂ ਅਤੇ ਆਗੂਆਂ ਨੇ ਵੀ ਸਰਬਜੀਤ ਸਿੰਘ ਝਿੰਜਰ ਨੂੰ ਹਲਕਾ ਇੰਚਾਰਜ ਬਣਾਏ ਜਾਣ 'ਤੇ ਆਪਣਾ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸਰਬਜੀਤ ਸਿੰਘ ਝਿੰਜਰ ਨੇ ਆਪਣੇ ਸੰਬੋਧਨ ਦੌਰਾਨ ਪਾਰਟੀ ਹਾਈਕਮਾਂਡ, ਖ਼ਾਸ ਕਰ ਕੇ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਭਰੋਸਾ ਕਰਦਿਆਂ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ। ਇਸ ਤੋਂ ਇਲਾਵਾ ਉਨ੍ਹਾਂ ਨੇ ਘਨੌਰ ਹਲਕੇ ਦੇ ਸਮੂਹ ਵਰਕਰਾਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਸਰਕਲ ਘਨੌਰ ਦੇ ਪ੍ਰਧਾਨ ਕੁਲਦੀਪ ਸਿੰਘ, ਸਰਕਲ ਸ਼ੰਭੂ ਦੇ ਪ੍ਰਧਾਨ ਅਵਤਾਰ ਸਿੰਘ, ਸਰਕਲ ਮਰਦਾਂਪੁਰ ਦੇ ਪ੍ਰਧਾਨ ਗੁਰਜਿੰਦਰ ਸਿੰਘ ਕਬੂਲਪੁਰ, ਸਰਕਲ ਸੇਹਰਾ ਦੇ ਪ੍ਰਧਾਨ ਦਵਿੰਦਰ ਸਿੰਘ ਟਹਿਲਪੁਰਾ, ਪਰਮਿੰਦਰ ਸਿੰਘ ਭੰਗੂ, ਅਵਤਾਰ ਸਿੰਘ ਗੁਰਜੰਟ ਸਿੰਘ ਹਰਜੀਤ ਸਿੰਘ ਸੁਖਚੈਨ ਸਿੰਘ ਤੇ ਹੋਰ ਹਾਜ਼ਰ ਸਨ।

ਸਕਿਉਰਿਟੀ ਗਾਰਡ ਦੀ ਲੋੜ

ਅਦਾਰਾ 'ਅਜੀਤ' ਨੂੰ ਮੋਹਾਲੀ ਪ੍ਰੈੱਸ ਵਿਖੇ ਸਕਿਉਰਿਟੀ ਗਾਰਡਾਂ ਦੀ ਲੋੜ ਹੈ। ਯੋਗਤਾ : ਘੱਟ ਤੋਂ ਘੱਟ +2 ਪਾਸ ਹੋਵੇ। ਤਜਰਬੇਕਾਰ ਅਤੇ ਲੋਕਲ ਨੂੰ ਪਹਿਲ। ਉਮੀਦਵਾਰ ਆਪਣਾ ਬਾਇਓਡਾਟਾ ਤੇ ਤਸਵੀਰ ਸਮੇਤ ਹੇਠ ਲਿਖੇ ਪਤੇ 'ਤੇ ਪਹੁੰਚਾਉਣ।

ਜਨਰਲ ਮੈਨੇਜਰ
'ਅਜੀਤ' ਪ੍ਰਕਾਸ਼ਨ ਸਮੂਹ,
ਨਹਿਰੂ ਗਾਰਡਨ ਰੋਡ, ਜਲੰਧਰ।
Email: ajit@ajitjalandhar.com
Mob. 94172-20400

ਪਛਾਣ ਲਈ ਅਪੀਲ

ਆਮ ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਇਕ ਅਣਪਛਾਤਾ ਪੁਰਸ਼ ਉਮਰ 70 ਸਾਲ, ਕੱਦ 5'-8" ਇੰਚ ਰੰਗ ਕਣਕਵੰਨਾ ਅਤੇ ਲਾਲ ਰੰਗ ਦਾ ਅਪਰ ਜਿਸ ਉਪਰ 'ਸੀ ਕੇ' ਲਿਖਿਆ, ਸਫੇਦ ਧਾਰੀਦਾਰ ਸ਼ਰਟ ਅਤੇ ਨੀਲੇ ਰੰਗ ਦੀ ਪੈਂਟ ਪਹਿਨੇ ਹੋਏ, ਖੱਬੇ ਪਾਸੇ ਹੱਥ 'ਤੇ ਸਰਜਰੀ ਨਿਸ਼ਾਨ ਹੈ। ਮਿਤੀ 18.11.2025 ਨੂੰ ਸੂਚਨਾ ਪ੍ਰਾਪਤ ਹੋਈ ਕਿ ਇਕ ਵਿਅਕਤੀ ਜੋ ਅਣਪਛਾਤਾ ਹੈ, ਨੂੰ ਸੀ ਆਰ ਨੰ: 251109925 ਦੁਆਰਾ ਜੀ ਐਮ ਸੀ ਐਚ-32 ਚੰਡੀਗੜ੍ਹ ਵਿਚ ਦਾਖਲ ਕਰਵਾਇਆ ਗਿਆ ਹੈ। ਇਸ ਸੰਬੰਧੀ ਇਕ ਡੀ ਡੀ ਆਰ ਨੰ: 15 ਮਿਤੀ 18.11.2025 ਧਾਰਾ 194 ਬੀ ਐਨ ਐਸ ਐਸ ਅਧੀਨ ਪੁਲਿਸ ਪੋਸਟ ਪੀ ਪੀ ਬੀ ਡੀ ਸੀ ਸੈਕਟਰ-26 ਚੰਡੀਗੜ੍ਹ ਵਿਚ ਦਰਜ ਕੀਤੀ ਗਈ ਹੈ। ਮ੍ਰਿਤਕ ਦੇ ਕਾਨੂੰਨੀ ਵਾਰਸਾਂ ਬਾਰੇ ਕੁਝ ਪਤਾ ਨਹੀਂ। ਉਸ ਦੀ ਫੋਟੋ ਉੱਪਰ ਦਿੱਤੀ ਗਈ ਹੈ।

ਮ੍ਰਿਤਕ ਦੇ ਥਹੁ-ਟਿਕਾਣੇ ਸੰਬੰਧੀ ਕਿਸੇ ਸੁਰਾਗ ਦੇ ਮਾਮਲੇ ਵਿਚ ਕ੍ਰਿਪਾ ਕਰਕੇ ਪੁਲਿਸ ਪੋਸਟ, ਬੀ ਡੀ ਸੀ ਚੰਡੀਗੜ੍ਹ ਨੂੰ ਫੋਨ ਨੰ: 0172-2750037, ਪੁਲਿਸ ਸਟੇਸ਼ਨ ਸੈਕਟਰ-26 ਨੂੰ ਫੋਨ ਨੰ: 0172-2750049, 2790594, ਐਸ ਐਚ ਓ ਪੁਲਿਸ ਸਟੇਸ਼ਨ-26, ਚੰਡੀਗੜ੍ਹ ਨੂੰ ਮੋਬਾਈਲ ਨੰ: 97795-80926 ਜਾਂ ਪੁਲਿਸ ਕੰਟਰੋਲ ਫੋਨ ਨੰ: 0172-2749194 ਜਾਂ 112 'ਤੇ ਸੂਚਿਤ ਕਰੋ।

ਚੰਡੀਗੜ੍ਹ ਪੁਲਿਸ।

श्रम एवं रोजगार मंत्रालय
भारत सरकार
MINISTRY OF LABOUR & EMPLOYMENT
GOVERNMENT OF INDIA
ਲੇਬਰ ਕੋਡ ਲਾਗੂ ਹੋਏ
ਮੋਦੀ ਸਰਕਾਰ ਦੀ ਗਾਰੰਟੀ
ਆਈ ਟੀ ਸੈਕਟਰ ਲਈ
ਫਿਕਸਡ-ਟਰਮ ਕਰਮਚਾਰੀਆਂ ਨੂੰ ਸਥਾਈ ਕਰਮਚਾਰੀਆਂ ਦੇ ਬਰਾਬਰ ਲਾਭ ਮਿਲਣਗੇ, ਸੇਵਾ ਦੇ ਇਕ ਸਾਲ ਤੋਂ ਬਾਅਦ ਹੀ ਗ੍ਰੈਚੁਟੀ
ਕੈਲੰਡਰ ਸਾਲ ਵਿਚ ਕੰਮ ਦੇ 180 ਦਿਨਾਂ ਤੋਂ ਬਾਅਦ ਸਾਲ